ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਾਜ਼ਿਲਕਾ

ਪ੍ਰਦੂਸ਼ਨ ਰਹਿਤ ਆਵਾਜਾਈ ਦੇ ਪ੍ਰਤੀ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਲਈ ਸਹਾਈ ਸਿੱਧ ਹੋਵੇਗੀ ਸਾਇਕਲ ਰੈਲੀ-ਈਸ਼ਾ ਕਾਲੀਆ

ਸਾਇਕਲ ਰੈਲੀ ਦਾ ਫਾਜ਼ਿਲਕਾ ਪਹੁੰਚਣ ਤੇ ਡਿਪਟੀ ਕਮਿਸ਼ਨਰ ਵੱਲੋਂ ਨਿਘਾ ਸੁਆਗਤ

ਬਠਿੰਡਾ ਤੋਂ ਸ਼ੁਰੂ ਹੋਈ ਸਾਇਕਲ ਰੈਲੀ ਫਾਜ਼ਿਲਕਾ ਦੀ ਆਸਫਵਾਲਾ ਸ਼ਹੀਦੀ ਸਮਾਰਕ 'ਤੇ ਪਹੁੰਚ ਕੇ ਹੋਈ ਸਮਾਪਤ

ਰੈਲੀ ਵਿਚ ਲਗਪਗ 100 ਸਾਇਕਲ ਸਵਾਰਾਂ ਨੇ ਲਿਆ ਭਾਗ

ਫਾਜ਼ਿਲਕਾ 29 ਅਕਤੂਬਰ

ਰੋਜ਼ ਗਾਰਡਨ ਬਠਿੰਡਾ ਤੋਂ ਸ਼ੁਰੂ ਹੋਈ ਸਾਇਕਲ ਰੈਲੀ ਦਾ ਫਾਜ਼ਿਲਕਾ ਪਹੁੰਚਣ ਤੇ ਡਿਪਟੀ ਕਮਿਸ਼ਨਰ ਸ੍ਰੀਮਤੀ ਈਸ਼ਾ ਕਾਲੀਆ ਵੱਲੋਂ ਨਿਘਾ ਸੁਆਗਤ ਕੀਤਾ ਗਿਆ। ਬਠਿੰਡਾ ਸਾਇਕਲਿੰਗ ਗਰੁੱਪ ਵੱਲੋਂ ਕੱਢੀ ਗਈ ਸਾਇਕਲ ਰੈਲੀ ਵਿੱਚ ਲਗਪਗ 100 ਸਾਈਕਲ ਸਵਾਰਾਂ ਵੱਲੋਂ ਸਮੂਲੀਅਤ ਕੀਤੀ ਗਈ ਜਿਸ ਵਿਚ 8 ਲੜਕੀਆਂ ਰਾਈਡਰ ਵੀ ਸ਼ਾਮਿਲ ਸਨ। ਇਹ ਸਾਇਕਲ ਰੈਲੀ ਗਿੱਦੜਬਾਹਾ, ਮਲੋਟ, ਪੰਨੀਵਾਲਾ ਅਤੇ ਅਰਨੀਵਾਲਾ ਤੋਂ ਹੁੰਦੀ ਹੋਈ ਲਗਪਗ 125 ਕਿਲੋਮੀਟਰ ਦਾ ਫੈਸਲਾ ਤਹਿ ਕਰ ਕੇ ਫਾਜ਼ਿਲਕਾ ਦੇ ਬਾਰਡਰ ਰੋਡ 'ਤੇ ਸਥਿਤ ਸ਼ਹੀਦੀ ਸਮਾਰਕ ਆਸਫਵਾਲਾ ਵਿਖੇ ਪਹੁੰਚ ਕੇ ਸਮਾਪਤ ਹੋਈ। ਇਸ ਰੈਲੀ ਵਿੱਚ ਸ੍ਰੀ ਮੁਕਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ ਸ੍ਰੀ ਸੁਮਿਤ ਜਾਰੰਗਲ ਵੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਮੌਕੇ ਰੈਲੀ ਵਿੱਚ ਸ਼ਾਮਿਲ ਸਮੂਹ ਸਖਸ਼ੀਅਤਾ ਸ਼ਹੀਦਾ ਦੀ ਸਮਾਧ ਤੇ ਪਹੁੰਚ ਕੇ ਨਤਮਸਤਕ ਵੀ ਹੋਇਆ ਅਤੇ ਸ਼ਹੀਦਾਂ ਨੂੰ ਸ਼ਰਧਾਂ ਦੇ ਫੁੱਲ ਵੀ ਭੇਟ ਕੀਤੇ ਗਏ।

ਇਸ ਦੌਰਾਨ ਡਿਪਟੀ ਕਮਿਸ਼ਨਰ ਸ੍ਰੀਮਤੀ ਈਸ਼ਾ ਕਾਲੀਆ ਨੇ ਬਠਿੰਡਾ ਸਾਇਕਲਿੰਗ ਗਰੁੱਪ ਵੱਲੋਂ ਕੀਤੇ ਗਏ ਉਪਰਾਲੇ ਦੀ ਸ਼ਲਾਘਾ ਕਰਦਿਆ ਕਿਹਾ ਕਿ ਸਾਇਕਲ ਰੈਲੀ ਪ੍ਰਦੂਸ਼ਨ ਰਹਿਤ ਆਵਾਜਾਈ ਦੇ ਪ੍ਰਤੀ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਲਈ ਸਹਾਈ ਸਿੱਧ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਰੈਲੀ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਕਰਨਾ ਅਤੇ ਉਨ੍ਹਾਂ ਵਿੱਚ ਦੇਸ਼ ਭਗਤੀ ਦੀ ਭਾਵਨਾ ਨੂੰ ਪੈਦਾ ਕਰਨਾ ਹੈ।

ਇਸ ਮੌਕੇ ਐਸ.ਡੀ.ਐਮ -ਕਮ-ਵਧੀਕ ਡਿਪਟੀ ਕਮਿਸ਼ਨਰ(ਜ) ਸ੍ਰੀ ਬਲਬੀਰ ਰਾਜ ਸਿੰਘ, ਐਸ.ਡੀ.ਐਮ ਅਬੋਹਰ ਮਿਸ ਪੂਨਮ ਸਿੰਘ,  ਬੀ.ਐਸ.ਐਫ ਦੇ ਜਵਾਨ,ਬਠਿੰਡਾ ਸਾਇਕਲਿੰਗ ਗਰੁੱਪ ਦੇ ਰਾਈਡਰਾਂ ਤੋਂ ਇਲਾਵਾ ਹੋਰ ਸਾਇਕਲ ਸਵਾਰ ਪ੍ਰੇਮੀ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

